## ਪਾਠ ਸੂਚਨਾ – ਉਮਰ ੧੧–੧੬

ਸ੍ਵੈ ਇੱਛਾ ਨਾਲ ਵਿਸ਼ਵ ਹਲਕਾਅ ਦਿਵਸ ਮੌਕੇ ਸ਼ਾਮਲ ਹੋਣ ਲਈ ਪਹੁੰਚੇ ਸਾਰੇ ਸਜਣਾਂ ਦਾ ਧੰਨਵਾਦ। ਇਸ ਸੂਚਨਾ-ਪੱਤਰ ਵਿਚ ਦਿਤੀ ਜਾਣ ਵਾਲੀ ਜਾਣਕਾਰੀ ੧੧–੧੬ ਸਾਲ ਦੀ ਉਮਰ ਨੂੰ ਧਿਆਨ ਵਿੱਚ ਰੱਖਕੇ ਬਣਾਈ ਗਈ ਹੈ

## ਹਲਕਾਅ ਸੰਬੰਧੀ ਸਿੱਖਿਆ ਦਾ ਮਹੱਤਵ:–

ਹਲਕਾਅ ਸਬੰਧੀ ਸਿਖਿਆ ਤੋਂ ਬਿਨਾਂ ਇਹ ਸੰਭਵ ਨਹੀਂ ਹੋ ਸਕਦਾ ਕਿ ਅਸੀਂ ਇਸ ਨਾਲ ਹੋਣ ਵਾਲੀਆਂ ਮੌਤਾਂ ਨੂੰ ਰੋਕ ਸਕੀਏ। ਵਿਦਿਆਰਥੀਆਂ ਨੂੰ ਹਲਕਾਅ ਸੰਬੰਧੀ ਮੁੱਢਲੀ ਜਾਣਕਾਰੀ, ਬਚਾਓ ਤੇ ਰੋਕਥਾਮ ਕਰਨਾ, ਇਸ ਦਾ ਮੁੱਖ ਉਦੇਸ਼ ਹੈ। ਇਸ ਨਾਲ ਅਸੀਂ ਉਸ ਦਿਨ ਵੱਲ ਅਗਾਂਹ ਵੱਧ ਰਹੇ ਹਾਂ ਕਿ ਰੋਕੀਆਂ ਜਾ ਸਕਣ ਵਾਲੀਆਂ ਮੌਤਾਂ ਨੂੰ ਰੋਕੀਏ।

ਵਿਦਿਆਰਥੀਆਂ ਨੂੰ ਇਹ ਸਿਖਿਆ ਦਿੰਦੇ ਹੋਏ ਅਸੀਂ ਉਨ੍ਹਾਂ ਸਾਰੇ ਪਰਿਵਾਰਾਂ ਤੱਕ ਸੁਨੇਹਾ ਪਹੁੰਚਾਉਣ ਦੇ ਯੋਗ ਹੋ ਜਾਵਾਂਗੇ, ਜੋ ਵਿਸ਼ਵ ਹਲਕਾਅ ਦਿਵਸ ਵਿਚ ਹਿੱਸਾ ਲੈ ਕੇ ਇਹ ਸੁਨੇਹਾ ਆਪਣੇ ਮਾਂ-ਬਾਪ ਅਤੇ ਰਿਸ਼ਤੇਦਾਰਾਂ ਨਾਲ ਸਾਂਝਾ ਕਰਨਗੇ।

## ਇਸ ਪਾਠ ਦੇ ਕੀ ਨਤੀਜੇ ਨਿਕਲਣਗੇ?

ਵਿਸ਼ਵ ਹਲਕਾਅ ਦਿਵਸ ਪਾਠ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਜਾਣ ਲੈਣਗੇ–

— ਹਲਕਾਅ ਦੇ ਪ੍ਰਭਾਵ ਚੀਨੀ ਉਦਾਹਰਣਾਂ ਸਹਿਤ

— ਹਲਕਾਅ ਦੇ ਸੰਪਰਕ ਵਿੱਚ ਆਉਣ ਤੋਂ ਕਿਵੇਂ ਬਚਿਆ ਜਾਵੇ।

— ਕੁੱਤੇ ਦੇ ਕੱਟਣ ਤੋਂ ਕਿਵੇਂ ਬਚਿਆ ਜਾਵੇ

— ਹਲਕਾਏ ਕੁੱਤੇ ਦੀ ਪਛਾਣ ਕਿਵੇਂ ਕੀਤੀ ਜਾਵੇ

— ਹਲਕਾਅ ਨੂੰ ਖਤਮ ਕਿਵੇਂ ਕੀਤਾ ਜਾ ਸਕਦਾ ਹੈ

—

## ਇਸ ਸਿਖਿਆ ਦਾ ਕੀ ਲਾਭ ਹੋਵੇਗਾ?

ਇਹ ਪਾਠ ਸਿੱਖਣ ਤੋਂ ਪਹਿਲਾਂ ਤੇ ਸਿੱਖਣ ਤੋਂ ਬਾਅਦ ਦੀ ਜਾਣਕਾਰੀ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਹੈ। ਇਹ ਜ਼ਬਾਨੀ ਪ੍ਰਸ਼ਨਾਂ ਦੇ ਰੂਪ ਵਿੱਚ ਹੈ। ਤੁਹਾਨੂੰ ਵਿਦਿਆਰਥੀਆਂ ਦੀ ਯੋਗਤਾ ਨੂੰ ਜਾਣਕਾਰੀ ਦੇਣ ਤੋਂ ਪਹਿਲਾਂ ਅਤੇ ਜਾਣਕਾਰੀ ਦੇਣ ਤੋਂ ਬਾਅਦ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ ਦੇਣ ਦੀ ਯੋਗਤਾ ਨੂੰ ਦਰਜ਼ ਕਰਨਾ ਚਾਹੀਦਾ ਹੈ। ਇਹ ਵਿਦਿਆਰਥੀਆਂ ਦੀ ਥੋੜੇ ਸਮੇਂ ਵਿੱਚ ਯਾਦ ਰੱਖਣ ਦੀ ਯੋਗਤਾ ਨੂੰ ਪਰਖਣ ਵਿੱਚ ਸਹਾਈ ਹੋਵੇਗਾ। ਲੰਮੇ ਸਮੇਂ ਵਿੱਚ ਇਸ ਸਿਖਿਆ ਦੀ ਜਾਣਕਾਰੀ ਕੁੱਤੇ ਦੇ ਕੱਟੇ ਜਾਣ ਵਾਲੇ ਪੀੜਤ ਬੱਚਿਆਂ ਦੀ ਸੰਖਿਆ ਵਿਚ ਕਮੀ ਲੈ ਕੇ ਆਵੇਗੀ ਅਤੇ ਪਾਲਤੂ ਕੁੱਤਿਆਂ ਨੂੰ ਬੀਮਾਰੀਆਂ ਦੇ ਰੋਕਥਾਮ ਲਈ ਟੀਕੇ ਲਗਵਾਉਣ ਵਿੱਚ ਵਾਧਾ ਕਰੇਗੀ।

## ਪਾਠ ਦਾ ਮਹੱਤਵ

ਇਹ ਪਾਠ ਵਿਦਿਆਰਥੀਆਂ ਦੀ ਹਲਕਾਅ ਬਾਰੇ ਹੋਰ ਜਾਨਣ ਤੇ ਹਲਕਾਅ ਦੀ ਰੋਕਥਾਮ ਨੂੰ ਮੁੱਖ ਰੱਖਕੇ ਤਿਆਰ ਕੀਤਾ ਗਿਆ ਹੈ। ਇਸ ਵਿਚ ਪ੍ਰਾਇਮਰੀ ਸਕੂਲ ਦੇ ਬੱਚਿਆਂ ਲਈ ਤਿਆਰ ਕੀਤੇ ਪਾਠ ਨਾਲੋਂ ਵਧੇਰੇ ਵਿਸਤਰਿਤ ਜਾਣਕਾਰੀ ਦਿੱਤੀ ਗਈ ਹੈ, ਜੋ ਕਿ ਵਿਦਿਆਰੀਆਂ ਦੀ ਪਹਿਲੀ ਪ੍ਰਾਪਤ ਜਾਣਕਾਰੀ ਦਿੱਤੀ ਗਈ ਹੈ, ਜੋ ਕਿ ਵਿਦਿਆਰਥੀਆਂ ਦੀ ਪਹਿਲੀ ਪ੍ਰਾਪਤ ਜਾਣਕਾਰੀ ਵਿੱਚ ਯੋਗ ਵਾਧਾ ਕਰੇਗੀ। ਇਸ ਵਿੱਚ ਸ਼ਹਿਰੀ ਚੀਨੀ ਉਦਾਹਰਣਾਂ ਨੂੰ ਦਰਸਾਇਆ ਗਿਆ ਹੈ ਕਿ ਇਹ ਸਮੱਸਿਆ ਉਨ੍ਹਾਂ ਨੂੰ ਜਾਂ ਕੁੱਝ ਹੋਰਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ ਤਾਂ ਇਹ ਜਾਣਕਾਰੀ ਕਲਾਸਾਂ ਵਿੱਚ ਦੇਣੀ ਹੋਰ ਵੀ ਮਹੱਤਵਪੂਰਨ ਬਣ ਜਾਂਦੀ ਹੈ। ਭਾਗ ਲੈਣ ਵਾਲਿਆਂ ਨੂੰ ਇਹ ਵੀ ਵਿਸ਼ਵਾਸ ਦਵਾਉਣਾ ਹੈ ਕਿ ਉਹ ਕਲਾਸ ਨੂੰ ਕੁੱਤਿਆਂ ਪ੍ਰਤੀ ਨਫ਼ਰਤ ਜਾਂ ਡਰ ਦੀ ਭਾਵਨਾ ਭਾਵਨਾ ਨਾਲ ਨਾਂ ਛੱਡਣ ਬਲਕਿ ਉਨ੍ਹਾਂ ਨੂੰ ਯਾਦ ਕਰਾਉਣਾ ਹੈ ਕਿ ਕੁਝ ਕੁੱਤੇ ਖ਼ਤਰਨਾਕ ਹੋ ਸਕਦੇ ਹਨ, ਪਰ ਜੇ ਕੁੱਤਿਆਂ ਨਾਲ ਠੀਕ ਤਰੀਕੇ ਨਾਲ ਪੇਸ਼ ਆਇਆ ਜਾਵੇ ਤਾਂ ਕੁੱਤੇ ਚੰਗੇ ਪਾਲਤੂ ਵੀ ਬਣਾਏ ਜਾ ਸਕਦੇ ਹਨ।

## ਪਾਠ ਲਈ ਲੋੜੀਂਦਾ ਸਮਾਨ:

— ਤੁਹਾਨੂੰ ਇਕ ਕੰਮਪਿਊਟਰ ਤੇ ਸਕਰੀਨ ਦੀਆਂ ਸਹੂਲਤਾਂ ਵਾਲਾ ਕਮਰਾ ਚਾਹੀਦਾ ਹੈ।

— ਤੁਹਾਨੂੰ ਫੋਾਇਰ ਫੋਨਿਟ ਫਰਇਸਇਨਟਓਟੋਨਿ ਦੁਆਰਾ ਜਾਣਕਾਰੀ ਦਿਤੀ ਜਾਵੇਗੀ, ਜਿਸ ਵਿਚ ਵਿਸਤਾਰਪੂਰਵਕ ਨੋਟਸ ਹੋਣਗੇ।

— ਇਹ ਵੀ ਨਿਰਧਾਰਿਤ ਕੀਤਾ ਜਾਵੇਗਾ ਕਿ ਤੁਸੀਂ ਆਪਣੀ ਕਲਾਸ ਦੌਰਾਨ ਸੰਬੰਧਿਤ ਜਾਣਕਾਰੀ ਦੇ ਪ੍ਰਿੰਟ ਕਢਵਾ ਸਕੋ।

— ਤੁਹਾਨੂੰ ਆਪਣਾ ਲਿਖਣ ਲਈ ਪੇਪੇਰ ਤੇ ਪੈਂਨ ਵੀ ਦਿੱਤੇ ਜਾਣਗੇ।